ਪਰਿਵਾਰਾਂ ਲਈ ਜਾਣਕਾਰੀ

# ਰਿਹਾਇਸ਼ੀ ਸੇਵਾਵਾਂ: ਘਰ ਸਾਂਝਾ ਕਰਨਾ

ਕਮਯੂਨਿਟੀ ਲਿਵਿੰਗ ਬੀਸੀ (ਸੀ.ਐਲ.ਬੀ.ਸੀ.) ਯੋਗ ਬਾਲਗਾਂ* ਅਤੇ ਉਨਾਂ ਦੇ ਪਰਿਵਾਰਾਂ ਲਈ ਸਹਾਇਤਾ ਅਤੇ ਸੇਵਾਵਾਂ ਮੁਹਈਆ ਕਰਦਾ ਹੈ। ਸੀ.ਐਲ.ਬੀ.ਸੀ. ਕਈ ਤਰਾਂ ਦੀ ਰਿਹਾਇਸ਼ੀ ਸੇਵਾਵਾਂ ਲਈ ਸਹਾਇਤਾ ਰਾਸ਼ੀ ਦਿੰਦਾ ਹੈ। ਘਰ ਸਾਂਝਾ ਕਰਨਾ ਇਕ ਰਿਹਾਇਸ਼ੀ ਸਹਾਇਤਾ ਸੇਵਾ ਹੈ ਜਿਸਨੂੰ ਕਈ ਯੋਗ ਬਾਲਗ ਅਤੇ ਉਨਾਂ ਦੇ ਪਰਿਵਾਰ ਚੁਣਦੇ ਹਨ। ਸੀ.ਐਲ.ਬੀ.ਸੀ. ਦੀਆਂ ਘਰ ਸਾਂਝਾ ਕਰਨ ਬਾਰੇ ਬਹੁਤ ਸਾਰੀਆਂ ਪਾਲਿਸੀਆਂ, ਸੇਧਾਂ ਅਤੇ ਮਿਆਰ ਹਨ। ਇਸ ਜਾਣਕਾਰੀ ਪੱਤਰ ਵਿੱਚ ਘਰ ਸਾਂਝਾ ਕਰਨ ਬਾਰੇ ਪਰਿਵਾਰਾਂ ਦੇ ਕੁਝ ਆਮ ਸੁਆਲਾਂ ਦੇ ਜਵਾਬ ਦਿਤੇ ਗਏ ਹਨ। ਇਸ ਜਾਣਕਾਰੀ ਪੱਤਰ ਵਿੱਚ ਸਾਡੀ ਰੁਜ਼ਗਾਰ ਪਾਲਿਸੀ ਬਾਰੇ ਕੁਝ ਆਮ ਸੁਆਲਾਂ ਦੇ ਜਵਾਬ ਦਿਤੇ ਗਏ ਹਨ।

## ਘਰ ਸਾਂਝਾ ਕਰਨਾ ਕਿਸਨੂੰ ਕਹਿੰਦੇ ਹਨ?

ਘਰ ਸਾਂਝਾ ਕਰਨਾ ਸੀ.ਐਲ.ਬੀ.ਸੀ. ਦੀ ਸਹਾਇਤਾ ਰਾਸ਼ੀ ਵਾਲੀ ਇਕ ਰਿਹਾਇਸ਼ੀ ਸੇਵਾ ਹੈ ਜੋ ਕਿ ਬਾਲਗਾਂ ਨੂੰ ਸਮਾਜ ਵਿੱਚ ਜਿੰਨਾ ਸੰਭਵ ਹੋ ਸਕੇ ਜੀਵਨ ਪੂਰੀ ਤਰਾਂ ਅਤੇ ਆਜ਼ਾਦੀ ਨਾਲ ਬਤੀਤ ਕਰਨ ਵਿੱਚ ਮਦਦ ਕਰਦੀ ਹੈ।

ਘਰ ਸਾਂਝਾ ਕਰਨ ਵਿੱਚ, ਵਿਅਕਤੀ (ਬਾਲਗ ਵਿਅਕਤੀ ਜੋ ਕਿ ਸੀ.ਐਲ.ਬੀ.ਸੀ. ਦੀ ਸਹਾਇਤਾ ਦੇ ਯੋਗ ਹੁੰਦਾ ਹੈ) ਜਿਸਨੂੰ ਕਿਸੇ ਰਿਹਾਇਸ਼ੀ ਸਹਾਇਤਾ ਦੀ ਲੋੜ ਹੁੰਦੀ ਹੈ ਅਤੇ ਸਹਾਇਤਾ ਦੇਣ ਵਾਲਾ ਵਿਅਕਤੀ ਇੱਕੋ ਘਰ ਵਿੱਚ ਇਕੱਠਿਆਂ ਰਹਿੰਦੇ ਹਨ। ਕੁਝ ਹਾਲਤਾਂ ਵਿੱਚ, ਸਹਾਇਤਾ ਵਿਅਕਤੀ ਦੇ ਘਰ ਵਿੱਚ ਮੁਹਈਆ ਕੀਤੀ ਜਾਂਦੀ ਹੈ (ਲਿਵ-ਇਨ ਸਹਾਇਤਾ) ਅਤੇ ਹੋਰਨਾ ਸਥਿਤੀਆਂ ਵਿੱਚ ਇਹ ਘਰ ਸਾਂਝਾ ਮੁਹਈਆ ਕਰਨ ਵਾਲੇ ਦੇ ਘਰ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।

ਸਹਾਇਤਾ ਭਾਵੇਂ ਵਿਅਕਤੀ ਦੇ ਘਰ ਵਿੱਚ ਮੁਹਈਆ ਕੀਤੀ ਜਾਏ ਜਾਂ ਘਰ ਸਾਂਝਾ ਮੁਹਈਆ ਕਰਨ ਵਾਲੇ ਦੇ ਘਰ ਵਿੱਚ, ਪਰ ਸ਼ਾਮਲ ਹਰ ਇਕ ਨੂੰ ਘਰ ਵਰਗਾ ਮਾਹੌਲ ਮਹਿਸੂਸ ਹੋਣਾ ਚਾਹੀਦਾ ਹੈ। ਜਦੋਂ ਘਰ ਸਾਂਝਾ ਕਰਨ ਦਾ ਪ੍ਰਬੰਧ ਘਰ ਸਾਂਝਾ ਮੁਹਈਆ ਕਰਨ ਵਾਲੇ ਦੇ ਘਰ ਵਿੱਚ ਕੀਤਾ ਜਾਂਦਾ ਹੈ, ਵਿਅਕਤੀਆਂ ਦੀ ਆਪਣੀ ਨਿਜੀ ਥਾਂ ਹੁੰਦੀ ਹੈ ਜਿਸ ਨੂੰ ਉਹ ਸਜਾ-ਸੰਵਾਰ ਸਕਦੇ ਹਨ ਅਤੇ ਉਸ ਥਾਂ ਨੂੰ ਆਪਣੀ ਬਣਾਂਦੇ ਹਨ।

## ਘਰ ਸਾਂਝਾ ਕਰਨਾ ਕਿਸ ਤਰਾਂ ਕੰਮ ਕਰਦਾ ਹੈ?

ਘਰ ਸਾਂਝਾ ਕਰਨ ਦੇ ਪ੍ਰਬੰਧ, ਵਿਅਕਤੀਆਂ ਅਤੇ ਘਰ ਸਾਂਝਾ ਮੁਹਈਆ ਕਰਨ ਵਾਲਿਆਂ ਨੂੰ ਇਕੱਠਿਆਂ ਰਹਿਣ ਅਤੇ ਆਪਣੇ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਨੂੰ ਸਾਂਝਾ ਕਰਨ ਦਿੰਦੇ ਹਨ, ਪਰ ਨਾਲ ਹੀ ਆਪਣਾ ਵੱਖਰਾ ਜਾਵਨ ਵੀ ਬਣਾਈ ਰਖਦੇ ਹਨ। ਘਰ ਸਾਂਝਾ ਕਰਨ ਦੇ ਪ੍ਰਬੰਧਾਂ ਵਿੱਚ, ਸਾਂਝਾ ਘਰ ਮੁਹਈਆ ਕਰਾਉਣ ਵਾਲੇ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਵਿਅਕਤੀ ਦੀਆਂ ਵਿਸ਼ੇਸ਼ ਲੋੜਾਂ ਅਤੇ ਉਦੇਸ਼ਾਂ ਦੇ ਆਧਾਰ ਉਤੇ ਸਹਾਇਤਾ ਦੀ ਪੇਸ਼ਕਸ਼ ਕਰੇ।

ਘਰ ਸਾਂਝਾ ਕਰਨ ਦੇ ਪ੍ਰਬੰਧ, ਵਿਅਕਤੀ ਨੂੰ ਆਪਣੀਆਂ ਰੁਜ਼ਾਨਾ ਲੋੜਾਂ ਨੂੰ ਪੂਰਾ ਕਰਨ ਲਈ ਲੁੜੀਂਦੀ ਸਹਾਇਤਾ ਦੇ ਨਾਲ ਬਾਲਗ ਜੀਵਨ ਜੀਉਣ ਦਿੰਦੇ ਹਨ ਅਤੇ ਇਕ ਪੱਧਰ ਤਕ ਆਜ਼ਾਦੀ ਦਿੰਦੇ ਹਨ ਜੋ ਵਿਅਕਤੀ ਲਈ ਜ਼ਰੂਰੀ ਹੁੰਦਾ ਹੈ।



## ਘਰ ਸਾਂਝਾ ਕਰਨ ਦੇ ਪ੍ਰਬੰਧਾਂ ਦੀ ਕੌਣ ਨਿਗਰਾਨੀ ਕਰਦਾ ਹੈ?

ਸੀ.ਐਲ.ਬੀ.ਸੀ. ਪੂਰੇ ਬ੍ਰਿਟਿਸ਼ ਕੋਲੰਬੀਆ ਦੇ ਭਾਈਚਾਰਿਆਂ ਵਿੱਚ ਘਰ ਸਾਂਝਾ ਕਰਨ ਦੀ ਪੇਸ਼ਕਸ਼ ਕਰਨ ਲਈ ਕਾਬਲ ਸੇਵਾ ਮੁਹਈਆ ਕਰਨ ਵਾਲਿਆਂ ਦੇ ਨੈਟਵਰਕ ਨਾਲ ਮਿਲ ਕੇ ਕੰਮ ਕਰਦਾ ਹੈ। ਘਰ ਸਾਂਝਾ ਕਰਨ ਦੀ ਪੇਸ਼ਕਸ਼ ਭਾਈਚਾਰਕ ਏਜੰਸੀਆਂ ਜਾਂ ਸਿੱਧੇ ਸੀ.ਐਲ.ਬੀ.ਸੀ. ਰਾਹੀਂ ਕੀਤੀ ਜਾ ਸਕਦੀ ਹੈ। ਇਹੋ ਜਹੀਆਂ ਹੀ ਉਮੀਦਾਂ ਘਰ ਸਾਂਝਾ ਮੁਹਈਆ ਕਰਨ ਵਾਲੇ ਕੋਲੋਂ ਅਤੇ ਨਿਗਰਾਨ ਸੇਵਾਵਾਂ ਨੂੰ ਮੰਜ਼ੂਰ ਕਰਨ ਲਈ ਕੀਤੀਆਂ ਜਾਂਦੀਆਂ ਹਨ ਭਾਵੇਂ ਸੇਵਾ ਲਈ ਕਾਂਟ੍ਰੈਕਟ ਸੀ.ਐਲ.ਬੀ.ਸੀ. ਜਾਂ ਕਾਬਲ ਭਾਈਚੀਰਕ ਏਜੰਸੀ ਨੂੰ ਦਿਤਾ ਗਿਆ ਹੋਏ।

## ਅਸੀਂ ਘਰ ਸਾਂਝਾ ਦੀ ਕਰਨ ਸਹੀ ਹਾਲਤ ਦਾ ਕਿਵੇਂ ਪਤਾ ਲਾਵਾਂਗੇ?

ਇਸ ਲਈ ਪਹਿਸਾ ਕਦਮ ਹੈ ਆਪਣੇ ਹਲਕੇ ਵਿੱਚ ਸੀ.ਐਲ.ਬੀ.ਸੀ. ਦੇ ਮਦਦਗਾਰ ਨੂੰ ਸੰਪਰਕ ਕਰਨਾ (ਨਕਸ਼ੇ ਅਤੇ ਦਫ਼ਤਰ ਵਾਲੀ ਥਾਂ ਲਈ ਸੀ.ਐਲ.ਬੀ.ਸੀ. ਦੀ ਵੈਬਸਾਈਟ ਵੇਖੋ). ਮਦਦਗਾਰ ਯੋਜਨਾ ਤਿਆਰ ਕਰਨ ਵਿੱਚ ਮਦਦ ਕਰੇਗਾ ਅਤੇ ਘਰ ਸਾਂਝਾ ਕਰਨ ਦੀਆਂ ਚੋਣਾ ਬਾਰੇ ਜਾਣਕਾਰੀ ਮੁਹਈਆ ਕਰੇਗਾ। ਕਈ ਵਾਰ, ਸਹੀ ਘਰ ਸਾਂਝਾ ਮੁਹਈਆ ਕਰਨ ਵਾਲਾ ਵਿਅਕਤੀ ਦੇ ਨਿਜੀ ਸਹਾਇਤਾ ਨੈਟਵਰਕ ਦਾ ਮੈਂਬਰ ਹੋ ਸਕਦਾ ਹੈ। ਇਸ ਹਾਲਤ ਵਿੱਚ, ਘਰ ਸਾਂਝਾ ਕਰਨ ਦੀ ਸੇਵਾ ਮੁਹਈਆ ਕਰਨ ਵਾਲਾ ਬਣਨ ਵਾਸਤੇ ਅਰਜ਼ੀ ਦੇਣ ਲਈ ਸੀ.ਐਲ.ਬੀ.ਸੀ. ਦਾ ਸਟਾਫ਼ ਲੁੜੀਂਦੀ ਕਸੌਟੀ ਅਤੇ ਪ੍ਰਕਿਰਿਆ ਬਾਰੇ ਜਾਣਕਾਰੀ ਮੁਹਈਆ ਕਰ ਸਕਦਾ ਹੈ। ਇਸ ਬਾਰੇ ਵਿਚਾਰ ਵਟਾਂਦਰਾ ਕਿਸੀ ਵੀ ਸਮੇਂ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਤੁਹਾਡੇ ਪਰਿਵਾਰ ਦੇ ਮੈਂਬਰ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਲਈ ਉਚਿਤ ਰਿਹਾਇਸ਼ੀ ਸਹਾਇਤਾ ਦੇਣ ਲਈ ਇਹ ਇਕ ਮਹੱਤਵਪੂਰਣ ਹਿੱਸਾ ਹੈ।

** ਸੀ.ਐਲ.ਬੀ.ਸੀ. ਦੇ ਯੋਗ ਬਾਲਗ ਉਹ ਵਿਅਕਤੀ ਹੁੰਦਾ ਹੈ ਜਿਸਦੀ ਉਮਰ 19 ਸਾਲ ਜਾਂ ਇਸ ਤੋਂ ਵਧ ਹੋਏ ਅਤੇ ਜੋ ਸੀ.ਐਲ.ਬੀ.ਸੀ. ਸਹਾਇਤਾ ਅਤੇ ਸੇਵਾਵਾਂ ਪਾਲਿਸੀ ਲਈ ਯੋਗਤਾ ਬਾਰੇ ਦਸੀ ਗਈ ਯੋਗਤਾ ਕਸਵੱਟੀ ਉਤੇ ਪੂਰਾ ਉਤਰਦਾ ਹੈ।*

COMMUNITY LIVING
BRITISH COLUMBIA

### ਘਰ ਸਾਂਝਾ ਕਰਨਾ ਕਿੰਨਾ ਕੁ ਪਾਏਦਾਰ ਹੈ?

ਵਿਅਕਤੀਆਂ ਅਤੇ ਘਰ ਸਾਂਝਾ ਮੁਹਈਆ ਕਰਾਉਣ ਵਾਲਿਆਂ ਵਿਚਕਾਰ ਸਬੰਧ ਅਕਸਰ ਕਈ ਸਾਲਾਂ ਤਕ ਬਣੇ ਰਹਿੰਦੇ ਹਨ। ਹਰ ਸਜੀਵ ਹਾਲਤਾਂ ਵਾਂਗ, ਕਈ ਵਾਰ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ ਅਤੇ ਕਈ ਵਾਰ ਲੋਕ ਹੋਰ ਥਾਂ ਚਲੇ ਜਾਂਦੇ ਹਨ। ਜਦੋਂ ਇਹ ਸਥਿਤੀ ਹੁੰਦੀ ਹੈ, ਨਵੇਂ ਘਰ ਵਿੱਚ ਤਬਦੀਲੀ ਸਹਿਜ ਭਾਵ ਨਾਲ ਬਣਾਨ ਲਈ ਸੀ.ਐਲ.ਬੀ.ਸੀ. ਜਾਂ ਘਰ ਸਾਂਝਾ ਕਰਾਉਣ ਵਾਲੀ ਏਜੰਸੀ ਵਿਅਕਤੀਆਂ ਅਤੇ ਉਹਨਾਂ ਦੇ ਸਹਾਇਕ ਨੈਟਵਰਕਾਂ ਨਾਲ ਮਿਲ ਕੇ ਕੰਮ ਕਰਦੀ ਹੈ।

### ਮੈਨੂੰ ਕਿਵੇਂ ਪਤਾ ਲਗੇਗਾ ਕਿ ਮੇਰੇ ਪਰਿਵਾਰ ਦਾ ਮੈਂਬਰ ਸੁਰੱਖਿਅਤ ਹੈ?

ਪਰਿਵਾਰ ਦੇ ਮੈਂਬਰ ਅਤੇ ਸਹਾਇਕ ਨੈਟਵਰਕ ਦੇ ਹੋਰ ਲੋਕ ਬਕਾਇਦਾ ਸੰਪਰਕ ਕਰਕੇ ਅਤੇ ਵਿਜ਼ਿਟ ਕਰਕੇ ਇਹ ਯਕੀਨੀ ਬਣਾਨ ਵਿੱਚ ਅਹਿੰਮ ਰੋਲ ਅਦਾ ਕਰਦੇ ਹਨ ਕਿ ਵਿਅਕਤੀ ਸੁਰਖਿਅਤ ਹਨ। ਘਰ ਸਾਂਝਾ ਮੁਹਈਆ ਕਰਨ ਵਾਲੇ ਹਰ ਇਕ ਵਿਅਕਤੀ ਦੇ ਜੀਵਨ ਵਿੱਚ ਸ਼ਾਮਲ ਪਰਿਵਾਰ ਅਤੇ ਦੋਸਤਾਂ ਦਾ ਸੁਆਗਤ ਕਰਦੇ ਹਨ। ਵਿਅਕਤੀ ਅਤੇ ਉਹਨਾਂ ਦੇ ਪਰਿਵਾਰ ਆਪਣੀਆਂ ਲੋੜਾਂ ਅਨੁਸਾਰ ਘਰ ਸਾਂਝਾ ਮੁਹਈਆ ਕਰਨ ਵਾਲੇ ਦੀ ਅਤਿੰਮ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਂਦੇ ਹਨ। ਬਕਾਇਦਾ ਹਿਫ਼ਾਜ਼ਤ, ਜਿਵੇਂ ਘਰ ਸਾਂਝਾ ਕਰਨ ਦੀ ਮੰਜ਼ੂਰੀ ਦਾ ਅਮਲ ਅਤੇ ਨਿਗਰਾਨੀ ਲਈ ਹਦਾਇਤਾਂ ਵੀ ਦਿਤੀਆਂ ਗਈਆਂ ਹਨ। ਘਰ ਸਾਂਝਾ ਮੁਹਈਆ ਕਰਨ ਵਾਲਿਆਂ ਸਭਨਾ ਦਾ ਘਰ ਅਧਿਐਨ ਅਮਲ ਰਾਹੀਂ ਮੰਜ਼ੂਰ ਹੋਣਾ ਜ਼ਰੂਰੀ ਹੈ।

ਜਦੋਂ ਸੀ.ਐਲ.ਬੀ.ਸੀ. ਨਾਲ ਇਕਰਾਰਨਾਮੇ ਤਹਿਤ ਘਰ ਸਾਂਝਾ ਕਰਨ ਦਿਤਾ ਜਾਂਦਾ ਹੈ, ਸੀ.ਐਲ.ਬੀ.ਸੀ. ਦੇ ਸਟਾਫ਼ ਦਾ ਵਿਅਕਤੀ ਸਾਲ ਵਿੱਚ ਘਟੋ ਘਟ ਇਕ ਵਾਰ ਘਰ ਦਾ ਵਿਜ਼ਿਟ ਕਰਦਾ ਹੈ ਅਤੇ ਪ੍ਰਬੰਧ ਦੀ ਨਿਗਰਾਨੀ ਲਈ ਜ਼ਿੰਮੇਵਾਰ ਹੁੰਦਾ ਹੈ। ਏਜੰਸੀ ਦਾ ਸਟਾਫ਼ ਘਰ ਦਾ ਵਿਜ਼ਿਟ ਅਤੇ ਨਿਗਰਾਨੀ ਕਰਦਾ ਹੈ ਜਦ ਕਿ ਘਰ ਸਾਂਝਾ ਕਰਨ ਦੇ ਪ੍ਰਬੰਧਾਂ ਲਈ ਏਜੰਸੀਆਂ ਜ਼ਿੰਮੇਵਾਰ ਹੁੰਦੀਆਂ ਹਨ।

## ਵਧੀਆ ਜੀਵਨ ਬਤੀਤ ਕਰਨਾ

ਵਧੀਆ ਜੀਵਨ ਬਤੀਤ ਕਰਨ ਲਈ ਜੋ ਗੱਲਾਂ ਜ਼ਰੂਰੀ ਹਨ ਅਸਲ ਵਿੱਚ ਉਹੀ ਗੱਲਾਂ ਲੋਕਾਂ ਨੂੰ ਸੁਰੱਖਿਅਤ ਰਖ ਸਕਦੀਆਂ ਹਨ: ਧਿਆਨ ਰਖਣ ਵਾਲੇ ਸੰਬੰਧ, ਭਾਗ ਲੈਣ ਲਈ ਮੌਕੇ, ਅਤੇ ਰੁਜ਼ਾਨਾ ਜੀਵਨ ਦੀ ਹਾਲਤ ਉਤੇ ਮਜ਼ਬੂਤ ਪਕੜ। ਇਸ ਕਰਕੇ ਹੀ ਹਰ ਵਿਅਕਤੀ ਲਈ ਉਸਦੇ ਆਪਣੇ ਉਦੇਸ਼ਾਂ ਅਤੇ ਲੋੜਾਂ ਦੇ ਅਧਾਰ ਉਤੇ ਘਰ ਸਾਂਝਾ ਕਰਨ ਦੀ ਲੋੜ ਨੂੰ ਧਿਆਨ ਨਾਲ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

### ਘਰ ਸਾਂਝਾ ਕਰਨ ਦੇ ਪ੍ਰਬੰਧਾਂ ਵਿੱਚ ਕਿਸ ਤਰਾਂ ਦੀ ਸਹਾਇਤਾ ਕੀਤੀ ਜਾਂਦੀ ਹੈ?

ਮੁਹਈਆ ਕੀਤੀ ਜਾਂਦੀ ਸਹਾਇਤਾ ਦੀ ਕਿਸਮ ਅਤੇ ਰਾਸ਼ੀ ਅਸਲ ਵਿੱਚ ਇਹ ਵਿਅਕਤੀ ਦੀਆਂ ਵਿਸ਼ੇਸ਼ ਲੋੜਾਂ ਉਤੇ ਨਿਰਭਰ ਕਰਦੀ ਹੈ। ਵਿਅਕਤੀ, ਪਰਿਵਾਰਿਕ ਮੈਂਬਰ, ਸੇਵਾ ਮੁਹਈਆ ਕਰਨ ਵਾਲੇ, ਅਤੇ ਸੀ.ਐਲ.ਬੀ.ਸੀ. ਇਹ ਯਕੀਨੀ ਬਣਾਨ ਲਈ ਮਿਲ ਕੇ ਕੰਮ ਕਰਦੇ ਹਨ ਕਿ ਮੁਹਈਆ ਕੀਤੀ ਗਈ ਸਹਾਇਤਾ ਵਿਅਕਤੀ ਦੀਆਂ ਬਦਲ ਰਹੀਆਂ ਲੋੜਾਂ ਉਤੇ ਪੂਰਾ ਉਤਰਦੀ ਹੈ।

ਘਰ ਸਾਂਝਾ ਕਰਨਾ ਇਹ ਇਕ ਵਿਅਕਤੀਗਤ ਰਿਹਾਇਸ਼ੀ ਸਹਾਇਤਾ ਹੈ ਜਿਹੜੀ ਲਗਾਤਾਰ ਘਰ ਸਾਂਝਾ ਮੁਹਈਆ ਕਰਨ ਵਾਲਿਆਂ ਨਾਲ ਸਬੰਧ ਕਾਇਮ ਕਰਦੀ ਹੈ ਜੋ ਵਿਅਕਤੀ ਅਤੇ ਉਨਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਜਾਣ ਜਾਂਦੇ ਹਨ। ਇਹ ਵਿਆਪਕ ਸਹਾਇਤਾ ਲੋੜਾਂ ਦੇ ਜਵਾਬ ਵਿੱਚ ਵਿਕਸਿਤ ਕੀਤੀ ਜਾ ਸਕਦੀ ਹੈ ਅਤੇ ਜਟਿਲ ਸਹਾਇਤਾ ਲੋੜਾਂ ਵਾਲੇ ਵਿਅਕਤੀਆਂ ਦੇ ਮੁਆਫ਼ਕ ਬਣਾਉਣ ਲਈ ਸਭ ਤੋਂ ਵਧੀਆ ਚੋਣ ਹੋ ਸਕਦੀ ਹੈ। ਘਰ ਸਾਂਝਾ ਮੁਹਈਆ ਕਰਨ ਵਾਲਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਮਹਾਰਤ ਅਤੇ ਢੁਕਵੀਂ ਸਿਖਲਾਈ ਦਾ ਵਿਖਾਲਾ ਕਰਨ।

ਜੋ ਵਿਅਕਤੀ ਇਸ ਰਿਹਾਇਸ਼ੀ ਪ੍ਰਬੰਧ ਨੂੰ ਚੁਣਦੇ ਹਨ ਉਹ ਹੋਰਨਾ ਸੇਵਾਵਾਂ ਨੂੰ ਵੀ ਪਹੁੰਚ ਕਰ ਸਕਦੇ ਹਨ ਜਿਵੇਂ ਭਾਈਚਾਰੇ ਵਿੱਚ ਸ਼ਾਮਲ ਹੋਣ ਜਾਂ ਰੁਜ਼ਗਾਰ ਸਬੰਧੀ ਸਹਾਇਤਾ।

### ਘਰ ਸਾਂਝਾ ਕਰਨਾ ਕੀ ਇਹ ਨਵੀਂ ਰਿਹਾਇਸ਼ੀ ਸੇਵਾ ਹੈ?

ਨਹੀਂ, ਘਰ ਸਾਂਝਾ ਕਰਨ ਦੀ ਇਹ ਨਵੀਂ ਰਿਹਾਇਸ਼ੀ ਸੇਵਾ ਨਹੀਂ ਹੈ। ਇਸ ਰਿਹਾਇਸ਼ੀ ਪ੍ਰਬੰਧ ਦਾ ਨਾਮ ਹੋ ਸਕਦਾ ਹੈ ਕੁਝ ਸਾਲਾਂ ਵਿੱਚ ਬਦਲਿਆ ਹੋਏ ( ਮਲਕੀਅਤ ਸੰਭਾਲ, ਪਰਿਵਾਰ ਸੰਭਾਲ, ਮੇਜ਼ਮਾਨ ਪਰਿਵਾਰ ਸੇਵਾਵਾਂ, ਆਦਿ), ਪਰ ਇਕ ਬਾਲਗ ਵਿਅਕਤੀ ਜਿਸਨੂੰ ਰਿਹਾਇਸ਼ੀ ਸਹਾਇਤਾ ਦੀ ਲੋੜ ਹੈ ਅਤੇ ਸਹਾਇਤਾ ਮੁਹਈਆ ਕਰਨ ਵਾਲਾ ਵਿਅਕਤੀ ਉਸੇ ਘਰ ਵਿੱਚ ਰਹਿਣ ਇਸ ਤਰਾਂ ਦੀ ਸੇਵਾ 1970 ਦੇ ਦਹਾਕੇ ਤੋਂ ਉਪਲਬਧ ਹੈ।

### ਮੈ ਹੋਰ ਜਾਣਕਾਰੀ ਕਿੱਥੋਂ ਲਭ ਸਕਦਾ/ਸਕਦੀ ਹਾਂ, ਜਿਵੇਂ:

*ਘਰ ਕਿੱਥੇ ਹੋਏਗਾ?*

*ਘਰ ਵਿੱਚ ਹੋਰ ਕੌਣ ਰਹਿੰਦਾ ਹੈ?*

*ਗੁਆਂਢ ਕਿਸ ਤਰਾਂ ਦਾ ਹੈ?*

*ਕੀ ਘਰ ਵਿੱਚ ਸੀ.ਐਲ.ਬੀ.ਸੀ. ਦੇ ਯੋਗ ਹੋਰ ਬਾਲਗ ਵੀ ਰਹਿਣਗੇ?*

*ਘਰ ਸਾਂਝਾ ਮੁਹਈਆ ਕਰਨ ਵਾਲੇ ਕੌਣ ਕੌਣ ਹਨ? ਕੀ ਅਸੀਂ ਉਹਨਾਂ ਨੂੰ ਪਹਿਲਾਂ ਮਿਲ ਸਕਦੇ ਹਾਂ?*

*ਜੇਕਰ ਪ੍ਰਬੰਧ ਚੰਗੇ ਨਾ ਹੋਣ ਤਾਂ ਕੀ ਹੋਏਗਾ?*

*ਜੇਕਰ ਮੇਰੇ ਪਰਿਵਾਰ ਦਾ ਮੈਂਬਰ ਜਾਣਾ ਚਾਹੁੰਦਾ ਹੈ ਤਾਂ ਕੀ ਹੋਏਗਾ?*

ਪਰਿਵਾਰਾਂ ਦੇ ਆਪਣੀ ਲੋੜ ਮੁਤਾਬਕ ਵੱਖ-ਵੱਖ ਸੁਆਲ ਹੋ ਸਕਦੇ ਹਨ ਜਿਨਾਂ ਦਾ ਜਵਾਬ ਦੇਣ ਲਈ ਸੀ.ਐਲ.ਬੀ.ਸੀ. ਅਤੇ ਘਰ ਸਾਂਝਾ ਕਰਨ ਵਾਲੀ ਏਜੰਸੀ ਤੁਹਾਡੇ ਨਾਲ ਮਿਲ ਕੇ ਕੰਮ ਕਰੇਗੀ। ਕਈ ਵੱਖ-ਵੱਖ ਤਰੀਕੇ ਹਨ ਜਿਨਾਂ ਨਾਲ ਘਰ ਸਾਂਝਾ ਕਰਨ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਘਰ ਸਾਂਝਾ ਕਰਨ ਵਿਚ, ਧਿਆਨ ਹਮੇਸ਼ਾ ਵਿਅਕਤੀ ਉਤੇ ਦਿਤਾ ਜਾਂਦਾ ਹੈ ਅਤੇ ਯਕੀਨੀ ਬਣਾਇਆ ਜਾਂਦਾ ਹੈ ਕਿ ਉਨਾਂ ਦੀ ਚੰਗੀ ਤਰਾਂ ਸਹਾਇਤਾ ਕੀਤੀ ਜਾਏ। ਕਿਸੇ ਵੀ ਸਹਾਇਤਾ ਜਾਂ ਸੇਵਾ ਵਾਂਗ, ਇਹ ਮਹੱਤਵਪੂਰਣ ਹੁੰਦਾ ਹੈ ਕਿ ਸ਼ਾਮਲ ਹਰ ਵਿਅਕਤੀ ਮਿਲ ਕੇ ਕੰਮ ਕਰਨ ਇਹ ਯਕੀਨੀ ਬਣਾਨ ਲਈ ਕਿ ਸਾਰੇ ਵਿਕਲਪਾਂ ਦੀ ਭਾਲ ਕੀਤੀ ਗਈ ਹੈ ਅਤੇ ਸਾਰੇ ਸੁਆਲਾਂ ਦੇ ਜਵਾਬ ਦਿਤੇ ਗਏ ਹਨ। ਜੇਕਰ ਤੁਸੀਂ ਘਰ ਸਾਂਝਾ ਕਰਨ ਬਾਰੇ ਹੋਰ ਜਾਣਨ ਵਿੱਚ ਦਿਲਚਸਪੀ ਰਖਦੇ ਹੋ ਜਾਂ ਤੁਹਾਡੀ ਆਪਣੀ ਦਸ਼ਾ ਬਾਰੇ ਸੁਆਲ ਹਨ, ਕਿਰਪਾ ਕਰਕੇ ਸੀ.ਐਲ.ਬੀ.ਸੀ. ਦੇ ਆਪਣੇ ਸਥਾਨਕ ਦਫ਼ਤਰ ਨਾਲ ਸੰਪਰਕ ਕਰੋ।

## ਹੋਰ ਜਾਣਕਾਰੀ ਲਈ

ਘਰ ਸਾਂਝਾ ਕਰਨ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.communitylivingbc.ca ਉਤੇ ਜਾਉ ਅਤੇ ਵਿਅਕਤੀ ਅਤੇ ਪਰਿਵਾਰ > ਘਰ ਸਾਂਝਾ ਕਰਨ ਉਤੇ ਜਾਉ। ਯੋਜਨਾ ਬਾਰੇ ਹੋਰ ਜਾਣਕਾਰੀ ਲਈ, ਤੁਸੀਂ ਪਾਲਿਸੀਆਂ ਅਤੇ ਪ੍ਰਕਾਸ਼ਨ > ਪ੍ਰਕਾਸ਼ਨ > ਪਰਿਵਾਰਾਂ ਲਈ ਜਾਣਕਾਰੀ ਤਹਿਤ ਯੋਜਨਾ ਪੱਤਰ ਦੇ ਬਾਰੇ ਪਰਿਵਾਰਾਂ ਲਈ ਜਾਣਕਾਰੀ ਹਾਸਲ ਕਰ ਸਕਦੇ ਹੋ।

ਤੁਸੀਂ ਸੀ.ਐਲ.ਬੀ.ਸੀ. ਨੂੰ ਟੋਲ ਫ੍ਰੀ ਨੰਬਰ 1-877-660-2522 ਉਤੇ ਸੰਪਰਕ ਕਰ ਸਕਦੇ ਹੋ।